SOUTHWESTERN Public Health
Oxford • Elgin • St.Thomas

**St. Thomas Site**
1230 Talbot Street
St. Thomas N5P 1G9
519-631-9900

**Woodstock Site**
410 Buller Street
Woodstock N4S 4N2
519-421-9901

**1-800-922-0096 | www.swpublichealth.ca**

# ਆਪਰੇਟਰਾਂ ਲਈ ਮਾਰਗ-ਦਰਸ਼ਨ: ਵੈਕਸਿੰਗ, ਸ਼ੂਗਰਿੰਗ ਅਤੇ ਥਰੈਡਿੰਗ

## ਸਿਹਤ ਸੰਬੰਧੀ ਸ਼ੰਕਾ

ਵਾਲ਼ ਹਟਾਉਣ ਦੇ ਨਤੀਜੇ ਵਜੋਂ ਚਮੜੀ ਮੁਸ਼ਕਿਲ ਸਥਿਤੀ ਵਿੱਚ ਪੈ ਸਕਦੀ ਹੈ ਅਤੇ ਲੇਸਦਾਰ ਝਿੱਲੀ ਦੇ ਨੰਗਾ ਹੋਣ ਦਾ ਜੋਖ਼ਮ ਵਧ ਸਕਦਾ ਹੈ, ਜਿਸ ਨਾਲ ਲਾਗ ਦਾ ਜੋਖ਼ਮ ਵਧ ਜਾਂਦਾ ਹੈ। ਲਾਗ ਬੈਕਟੀਰੀਆ, ਉੱਲੀ ਵਾਲੀ ਜਾਂ ਵਾਇਰਲ ਹੋ ਸਕਦੀ ਹੈ। **ਲਾਗ ਦੇ ਸੰਚਾਰ ਦੇ ਵਾਪਰਨ ਲਈ ਤੁਹਾਨੂੰ ਯੰਤਰਾਂ 'ਤੇ ਖ਼ੂਨ ਜਾਂ ਸਰੀਰਕ ਦ੍ਰਵ ਨੂੰ ਦੇਖਣ ਦੀ ਲੋੜ ਨਹੀਂ ਹੈ।**

## ਵਿਧਾਨਕ ਲੋੜਾਂ

ਨਿੱਜੀ ਸੇਵਾ ਸੈਟਿੰਗਾਂ (Personal Service Settings - PSS) ਤੋਂ ਲੋੜਿਆ ਜਾਂਦਾ ਹੈ ਕਿ ਉਹ ਓਨਟੈਰੀਓ ਅਧਿਨਿਯਮ 136/18: ਨਿੱਜੀ ਸੇਵਾ ਸੈਟਿੰਗਾਂ ਦੀ ਤਾਮੀਲ ਕਰਦੇ ਹੋਏ ਕਾਰੋਬਾਰ ਚਲਾਉਣ।

ਨਿੱਜੀ ਸੇਵਾ ਸੈਟਿੰਗਾਂ ਦੇ ਆਪਰੇਟਰਾਂ ਅਤੇ ਸਟਾਫ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਉਹ ਪਬਲਿਕ ਹੈਲਥ ਓਨਟੈਰੀਓ ਵੱਲੋਂ ਬਣਾਈ ਨਿੱਜੀ ਸੇਵਾ ਸੈਟਿੰਗਾਂ ਵਿੱਚ ਲਾਗ ਦੀ ਰੋਕਥਾਮ ਅਤੇ ਕੰਟਰੋਲ ਲਈ ਗਾਈਡ ਦੀ ਸਮੀਖਿਆ ਕਰਨ ਤਾਂ ਜੋ PSS ਵਿੱਚ ਲਾਗਾਂ ਦੀ ਰੋਕਥਾਮ ਅਤੇ ਇਹਨਾਂ ਨੂੰ ਕੰਟਰੋਲ ਕਰਨ ਵਾਲੀਆਂ ਪ੍ਰਥਾਵਾਂ ਬਾਰੇ ਹੋਰ ਜਾਣਿਆ ਜਾ ਸਕੇ ਜੋ ਲਾਗਾਂ ਫੈਲਣ ਦੇ ਜੋਖ਼ਮ ਨੂੰ ਘੱਟ ਕਰਦੀਆਂ ਹਨ।

## ਆਪਰੇਟਰ ਦੀ ਸਿਹਤ ਅਤੇ ਸੁਰੱਖਿਆ

- ਸੇਵਾਵਾਂ ਪ੍ਰਦਾਨ ਕਰਨ ਤੋਂ ਪਹਿਲਾਂ ਹੱਥ ਧੋਵੋ।
- ਵੈਕਸਿੰਗ ਅਤੇ ਸ਼ੂਗਰਿੰਗ ਲਈ ਦਸਤਾਨੇ ਪਹਿਨਣੇ ਚਾਹੀਦੇ ਹਨ। ਦਸਤਾਨੇ ਪਾਉਣ ਤੋਂ ਪਹਿਲਾਂ ਅਤੇ ਇਹਨਾਂ ਨੂੰ ਉਤਾਰਨ ਤੋਂ ਬਾਅਦ ਹੱਥ ਧੋਣੇ ਚਾਹੀਦੇ ਹਨ।
- ਸੇਵਾ ਦੌਰਾਨ ਖਾਣਾ, ਪੀਣਾ ਜਾਂ ਤੰਬਾਕੂਨੋਸ਼ੀ ਨਾ ਕਰੋ।
- ਆਪਰੇਟਰ ਨੂੰ ਚੰਗੀ ਨਿੱਜੀ ਸਫਾਈ ਦਾ ਅਭਿਆਸ ਕਰਨਾ ਚਾਹੀਦਾ ਹੈ।

## ਚਮੜੀ ਦੀ ਤਿਆਰੀ

- ਉਹਨਾਂ ਗ੍ਰਾਹਕਾਂ ਨੂੰ ਸੇਵਾ ਪ੍ਰਦਾਨ ਨਾ ਕਰੋ ਜਿਨ੍ਹਾਂ ਦੀ ਚਮੜੀ 'ਤੇ ਕੰਮ ਕੀਤੇ ਜਾ ਰਹੇ ਖੇਤਰ ਦੇ 6 ਇੰਚ ਦੇ ਅੰਦਰ ਕੱਟ, ਜ਼ਖ਼ਮ, ਧੱਫੜ ਜਾਂ ਦਿਖਾਈ ਦੇਣ ਵਾਲੀਆਂ ਚਮੜੀ ਦੀਆਂ ਲਾਗਾਂ ਹਨ।
- ਨਿੱਜੀ ਸੇਵਾ ਪ੍ਰਦਾਨਕਾਂ ਨੂੰ ਫਿਣਸੀ-ਵਿਰੋਧੀ ਦਵਾਈ ਲੈਂਦੇ ਸਮੇਂ ਵੈਕਸਿੰਗ ਦੇ ਜੋਖ਼ਮਾਂ ਬਾਰੇ ਗਾਹਕਾਂ ਨੂੰ ਸੂਚਿਤ ਕਰਨਾ ਚਾਹੀਦਾ ਹੈ, ਕਿਉਂਕਿ ਇਹ ਚਮੜੀ ਨੂੰ ਨੁਕਸਾਨ ਪਹੁੰਚਾ ਕੇ ਅਤੇ ਐਪੀਡਰਮਿਸ (ਚਮੜੀ ਦੀ ਉੱਪਰਲੀ ਪਰਤ) ਨੂੰ ਸੰਭਾਵੀ ਤੌਰ 'ਤੇ ਹਟਾ ਕੇ ਲਾਗ ਦੇ ਜੋਖ਼ਮ ਨੂੰ ਵਧਾ ਸਕਦੀ ਹੈ।
- ਵੈਕਸਿੰਗ ਕਰਨ ਤੋਂ ਪਹਿਲਾਂ, ਚਮੜੀ 'ਤੇ ਐਂਟੀਸੈਪਟਿਕ ਲਗਾਓ। ਜੇਕਰ ਖੇਤਰ ਗੰਦਾ ਦਿਖਾਈ ਦਿੰਦਾ ਹੈ ਤਾਂ ਪਹਿਲਾਂ ਉਸ ਨੂੰ ਸਾਫ਼ ਕਰਨ ਲਈ ਸਾਬਣ ਅਤੇ ਪਾਣੀ ਦੀ ਵਰਤੋਂ ਕਰੋ। ਚਮੜੀ ਵਾਸਤੇ ਐਂਟੀਸੈਪਟਿਕ ਵਿੱਚ ਨਿਮਨਲਿਖਤ ਸ਼ਾਮਲ ਹਨ ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ,
    - ਪੋਵੀਡੋਨ-ਆਇਓਡੀਨ ਦਾ ਘੋਲ਼
    - ਆਈਸੋਪ੍ਰੋਪਾਈਲ ਅਲਕੋਹਲ (50 - 91%)
    - ਈਥਾਈਲ ਅਲਕੋਹਲ (60 - 95%)
- ਜੇਕਰ ਲਾਗੂ ਹੁੰਦਾ ਹੈ, ਤਾਂ ਚਮੜੀ ਦੀ ਐਂਟੀਸੈਪਟਿਕ ਲਗਾਉਣ ਤੋਂ ਬਾਅਦ ਇੱਕ ਸਥਾਨਕੀ ਸਤਹ ਸੁੰਨ ਕਰਨ ਵਾਲੀ ਦਵਾਈ ਦੀ ਵਰਤੋਂ ਕੀਤੀ ਜਾ ਸਕਦੀ ਹੈ।

### ਯੰਤਰ ਅਤੇ ਸਾਜ਼ੋ-ਸਮਾਨ

- ਹਰੇਕ ਗਾਹਕ ਦੇ ਦਰਮਿਆਨ ਵੈਕਸਿੰਗ ਟੇਬਲ/ਬੈੱਡਾਂ 'ਤੇ ਤਾਜ਼ੇ ਇੱਕੋ ਵਾਰ ਵਰਤੇ ਜਾਣ ਵਾਲੇ ਪੇਪਰ ਲਾਈਨਰ ਜਾਂ ਸਾਫ਼ ਲਿਨਨ ਨੂੰ ਰੱਖਿਆ ਜਾਣਾ ਚਾਹੀਦਾ ਹੈ।
- ਸਾਰੇ ਉਤਪਾਦਾਂ (ਜਿਵੇਂ ਕਿ, ਵੈਕਸ, ਸ਼ੂਗਰ, ਧਾਗਾ, ਆਦਿ) ਨੂੰ ਇਸ ਤਰੀਕੇ ਨਾਲ ਦਿੱਤਾ ਜਾਣਾ ਚਾਹੀਦਾ ਹੈ ਜੋ ਬਾਕੀ ਬਚੇ ਹਿੱਸੇ ਨੂੰ ਗੰਦਾ ਨਾ ਕਰੇ।
    - ਇੱਕੋ ਵਰਤੋਂ ਵਾਲੇ ਐਪਲੀਕੇਟਰਾਂ ਨੂੰ ਸਿਰਫ਼ ਇੱਕ ਵਾਰ ਵੈਕਸ ਵਿੱਚ ਡੁਬੋਇਆ ਜਾਣਾ ਚਾਹੀਦਾ ਹੈ ਅਤੇ ਫਿਰ ਚਮੜੀ 'ਤੇ ਲਗਾਉਣ ਤੋਂ ਬਾਅਦ ਸੁੱਟ ਦੇਣਾ ਚਾਹੀਦਾ ਹੈ। **ਡਬਲ ਡਿੱਪ ਨਾ ਕਰੋ!**
- ਉਹ ਸਾਜ਼ੋ-ਸਮਾਨ ਅਤੇ ਯੰਤਰ ਜਿਨ੍ਹਾਂ ਨੂੰ ਗਾਹਕਾਂ ਦੇ ਵਿਚਕਾਰ ਚੰਗੀ ਤਰ੍ਹਾਂ ਸਾਫ਼ ਅਤੇ ਰੋਗਾਣੂੰ-ਮੁਕਤ ਨਹੀਂ ਕੀਤਾ ਜਾ ਸਕਦਾ ਹੈ, ਉਹ ਲਾਜ਼ਮੀ ਤੌਰ 'ਤੇ ਇੱਕ ਵਾਰ ਵਰਤੋਂ ਵਾਲੇ ਹੋਣੇ ਚਾਹੀਦੇ ਹਨ।
    - ਇਕਹਰੀ ਵਰਤੋਂ ਵਾਲੀਆਂ ਚੀਜ਼ਾਂ ਦੀਆਂ ਉਦਾਹਰਨਾਂ:
        - ਆਈਬ੍ਰੋ-ਥਰੈਡਿੰਗ ਵਾਲੇ ਧਾਗੇ
        - ਰੋਲ-ਔਨ ਵੈਕਸ ਕਾਰਤੂਸ
        - ਇੱਕੋ ਵਾਰ ਵਰਤਿਆ ਜਾਣ ਵਾਲਾ ਪੀ.ਪੀ.ਈ.
        - ਫੰਬਾ/ਐਪਲੀਕੇਟਰ
        - ਵੈਕਸਿੰਗ ਸਟਿੱਕਾਂ ਅਤੇ ਸਟ੍ਰਿਪਾਂ
    - ਰੋਲਰ-ਹੈੱਡ ਵੈਕਸ ਐਪਲੀਕੇਟਰ ਕਾਰਤੂਸ ਇੱਕੋ ਵਾਰ ਵਰਤੋਂ ਵਾਲੇ ਹੁੰਦੇ ਹਨ ਅਤੇ ਹਰੇਕ ਗਾਹਕ ਦੇ ਬਾਅਦ ਲਾਜ਼ਮੀ ਤੌਰ 'ਤੇ ਬਾਹਰ ਸੁੱਟੇ ਜਾਣੇ ਚਾਹੀਦੇ ਹਨ। ਰੋਲਰ ਹੈੱਡ ਨੂੰ ਲਾਜ਼ਮੀ ਤੌਰ 'ਤੇ ਸਾਫ਼ ਕੀਤਾ ਜਾਣਾ ਚਾਹੀਦਾ ਹੈ ਅਤੇ ਫਿਰ ਹਰੇਕ ਗਾਹਕ ਦੇ ਬਾਅਦ ਮੱਧਵਰਤੀ ਪੱਧਰ ਦੇ ਕੀਟਾਣੂੰਨਾਸ਼ਕ ਦੀ ਵਰਤੋਂ ਕਰਕੇ ਕੀਟਾਣੂੰ-ਮੁਕਤ ਕੀਤਾ ਜਾਣਾ ਚਾਹੀਦਾ ਹੈ।
- ਸਾਰੇ ਮੁੜ ਵਰਤੋਂ ਯੋਗ ਯੰਤਰਾਂ ਨੂੰ ਵਰਤਣ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ ਸਾਫ਼ ਅਤੇ ਕੀਟਾਣੂੰ-ਮੁਕਤ ਕੀਤਾ ਜਾਣਾ ਚਾਹੀਦਾ ਹੈ।

### ਸਾਫ਼ ਸਫਾਈ ਕਰਨਾ ਅਤੇ ਕੀਟਾਣੂੰ ਰਹਿਤ ਕਰਨਾ

#### ਸਫ਼ਾਈ

- ਸਾਰੇ ਯੰਤਰਾਂ, ਸਾਜ਼ੋ-ਸਮਾਨ ਅਤੇ ਸਤਹਾਂ ਜਿਨ੍ਹਾਂ ਨੂੰ ਸਾਫ਼-ਸਫ਼ਾਈ, ਅਤੇ ਕੀਟਾਣੂ-ਮੁਕਤ ਕੀਤੇ ਜਾਣ ਦੀ ਲੋੜ ਹੁੰਦੀ ਹੈ, ਨੂੰ ਪਹਿਲਾਂ ਪੂਰੀ ਤਰ੍ਹਾਂ ਵੱਖ ਕੀਤਾ ਜਾਣਾ **ਲਾਜ਼ਮੀ** ਹੈ। ਫਿਰ ਚੀਜ਼ਾਂ ਨੂੰ ਸਾਬਣ ਜਾਂ ਡਿਟਰਜੈਂਟ ਨਾਲ ਗਰਮ ਪਾਣੀ ਵਿੱਚ ਸਾਫ਼ ਕਰਨਾ ਲਾਜ਼ਮੀ ਹੈ।
- ਲਿਨਨ ਨੂੰ ਵਰਤੋਂ ਤੋਂ ਬਾਅਦ ਲਾਜ਼ਮੀ ਤੌਰ 'ਤੇ ਧੋਣਾ ਚਾਹੀਦਾ ਹੈ ਅਤੇ ਲੋੜੀਂਦੀ ਸਪਲਾਈ ਉਪਲਬਧ ਹੋਣੀ ਚਾਹੀਦੀ ਹੈ।
- ਕੰਧਾਂ, ਫਰਸ਼ਾਂ, ਅੰਦਰੂਨੀ ਛੱਤਾਂ ਅਤੇ ਸਤਹਾਂ ਦੀ ਨਿਯਮਤ ਸਫਾਈ ਬਣਾਈ ਰੱਖੀ ਜਾਣੀ ਹੈ।

#### ਕੀਟਾਣੂੰਨਾਸ਼ਕਤਾ

ਸਾਰੇ ਕੀਟਾਣੂਨਾਸ਼ਕ ਰੋਜ਼ਾਨਾ ਜਾਂ ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ ਤਾਜ਼ੇ ਬਣਾਏ ਜਾਣੇ ਲਾਜ਼ਮੀ ਹਨ। ਸਾਰੇ ਕੀਟਾਣੂਨਾਸ਼ਕਾਂ ਦਾ ਹੈਲਥ ਕੈਨੇਡਾ ਦੁਆਰਾ ਜਾਰੀ ਡਰੱਗ ਪਛਾਣ ਨੰਬਰ (DIN) ਜਾਂ ਕੁਦਰਤੀ ਉਤਪਾਦ ਨੰਬਰ (NPN) ਹੋਣਾ ਲਾਜ਼ਮੀ ਹੈ।

| ਪੱਧਰ | ਵਰਤੋਂ ਕਦੋਂ ਕਰਨੀ ਹੈ | ਉਦਾਹਰਨਾਂ |
|---|---|---|
| ਨਿਮਨ ਪੱਧਰੀ | ਸਾਜ਼ੋ-ਸਮਾਨ ਅਤੇ ਯੰਤਰ ਜਾਂ ਵਸਤੂਆਂ ਜੋ ਗਾਹਕ ਨਾਲ ਸਿੱਧੇ ਤੌਰ 'ਤੇ ਸੰਪਰਕ ਨਹੀਂ ਕਰਦੀਆਂ ਜਾਂ ਸਿਰਫ਼ ਵਾਲਾਂ ਜਾਂ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਦੀਆਂ ਹਨ। | • ਕੁਰਸੀਆਂ<br>• ਮੇਜ਼<br>• ਬਿਸਤਰੇ |
| ਮੱਧਵਰਤੀ ਪੱਧਰ | ਸਾਜ਼-ਸਾਮਾਨ, ਯੰਤਰ, ਜਾਂ ਵਸਤੂਆਂ ਜੋ ਸਿਰਫ਼ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਨ ਦੇ ਇਰਾਦੇ ਨਾਲ ਬਣਾਈਆਂ ਹੁੰਦੀਆਂ ਹਨ, ਪਰ ਇਹ ਗਲਤੀ ਨਾਲ ਗੈਰ-ਸਹੀ-ਸਲਾਮਤ ਚਮੜੀ ਜਾਂ ਲੇਸਦਾਰ ਝਿੱਲੀ ਦੇ ਸੰਪਰਕ ਵਿੱਚ ਆ ਸਕਦੀਆਂ ਹਨ ਜਾਂ | • ਚਿਮਟੀਆਂ ਜੋ ਵਾਲਾਂ ਦੇ ਫੌਲਕੀਲ ਤੋਂ ਵਾਲਾਂ ਨੂੰ ਹਟਾਉਣ ਲਈ ਵਰਤੀਆਂ ਜਾਂਦੀਆਂ ਹਨ<br>• ਵੈਕਸ ਰੋਲਰਾਂ ਵਾਸਤੇ ਕਾਰਤੂਸ ਹੈੱਡ ਆਦਿ। |

| | | |
|---|---|---|
| | ਚਮੜੀ ਵਿੱਚ ਪ੍ਰਵੇਸ਼ ਕਰ ਸਕਦੀਆਂ ਹਨ। | |
| ਉੱਚ ਪੱਧਰ | ਕੋਈ ਵੀ ਸਤ੍ਹਾ, ਸਾਜ਼ੋ-ਸਮਾਨ ਜਾਂ ਸੰਦ ਜੋ ਖ਼ੂਨ ਦੇ ਸੰਪਰਕ ਵਿੱਚ ਆ ਸਕਦੇ ਹਨ। | • ਅੰਦਰੋਂ-ਅੰਦਰ ਵਧੇ ਹੋਏ ਵਾਲ਼ਾਂ ਨੂੰ ਨੰਗਾ ਕਰਨ ਲਈ ਵਰਤੀਆਂ ਜਾਂਦੀਆਂ ਚਿਮਟੀਆਂ। |

ਪ੍ਰਵਾਨਿਤ ਕੀਟਾਣੂਨਾਸ਼ਕਾਂ ਅਤੇ ਸੰਪਰਕ ਸਮੇਂ ਬਾਰੇ ਜਾਣਕਾਰੀ ਲਈ ਕੀਟਾਣੂੰਨਾਸ਼ਕਤਾ ਚਾਰਟ ਦੇਖੋ।

## ਰਹਿੰਦ-ਖੂੰਹਦ ਦਾ ਨਿਪਟਾਰਾ

- ਖ਼ੂਨ ਅਤੇ/ਜਾਂ ਸਰੀਰਕ ਦ੍ਰਵਾਂ ਵਾਲੇ ਰਹਿੰਦ-ਖੂੰਹਦ ਨੂੰ ਲੀਕ-ਪਰੂਫ ਬੈਗ ਵਿੱਚ ਪਾਕੇ ਸੁੱਟ ਦਿਓ।
- ਵਰਤੋਂ ਤੋਂ ਬਾਅਦ ਇੱਕ ਵਾਰ ਵਰਤੇ ਜਾਣ ਵਾਲੇ ਔਜ਼ਾਰ ਅਤੇ ਸਾਜ਼ੋ-ਸਾਮਾਨ ਨੂੰ ਬਾਹਰ ਸੁੱਟ ਦਿਓ। ਇੱਕ ਵਾਰ ਵਰਤੇ ਜਾਣ ਵਾਲੀਆਂ ਤਿੱਖੀਆਂ ਚੀਜ਼ਾਂ ਨੂੰ ਇੱਕ ਮਨਜ਼ੂਰਸ਼ੁਦਾ, ਤਿੱਖੀਆਂ ਚੀਜ਼ਾਂ ਦੇ ਕੰਟੇਨਰ ਵਿੱਚ ਸੁੱਟਿਆ ਜਾਣਾ ਚਾਹੀਦਾ ਹੈ ਜੋ ਕੈਨੇਡੀਅਨ ਸਟੈਂਡਰਡਜ਼ ਐਸੋਸੀਏਸ਼ਨ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ।
- ਤਿੱਖੀਆਂ ਚੀਜ਼ਾਂ ਦੇ ਕੰਟੇਨਰਾਂ ਨੂੰ ਸੀਲ ਕੀਤਾ ਅਤੇ ਬਦਲਿਆ ਜਾਣਾ ਚਾਹੀਦਾ ਹੈ ਜਦੋਂ ਸਮੱਗਰੀ ਕੰਟੇਨਰ 'ਤੇ ਨਿਸ਼ਾਨਦੇਹੀ ਕੀਤੀ ਭਰਨ ਦੀ ਲਾਈਨ ਤੱਕ ਪਹੁੰਚ ਜਾਂਦੀ ਹੈ ਜਾਂ ਜਦੋਂ ਇਹ ਤਿੰਨ-ਚੌਥਾਈ ਭਰ ਜਾਂਦਾ ਹੈ।

## ਰਿਕਾਰਡ ਰੱਖਣਾ

### ਗਾਹਕਾਂ ਦੇ ਰਿਕਾਰਡ

- ਕੋਈ ਨਿੱਜੀ ਸੇਵਾ ਪ੍ਰਦਾਨ ਕਰਨ ਤੋਂ ਪਹਿਲਾਂ, PSS ਆਪਰੇਟਰ ਨੂੰ ਲਾਜ਼ਮੀ ਤੌਰ 'ਤੇ ਗਾਹਕ ਦਾ ਨਾਮ ਅਤੇ ਸੰਪਰਕ ਜਾਣਕਾਰੀ ਪ੍ਰਾਪਤ ਕਰਨੀ ਅਤੇ ਰਿਕਾਰਡ ਕਰਨੀ ਚਾਹੀਦੀ ਹੈ।

### ਉੱਚ ਪੱਧਰੀ ਕੀਟਾਣੂੰਨਾਸ਼ਕ

- ਜੇ ਉਹ ਉੱਚ ਪੱਧਰੀ ਕੀਟਾਣੂੰਨਾਸ਼ਕ ਦੀ ਵਰਤੋਂ ਕਰ ਰਹੇ ਹਨ, ਤਾਂ PSS ਤੋਂ ਲੋੜਿਆ ਜਾਂਦਾ ਹੈ ਕਿ ਉਹ ਕੀਟਾਣੂੰਨਾਸ਼ਕਤਾ ਰਿਕਾਰਡ ਲੌਗ (Disinfection Record Log) ਵਿੱਚ ਦੱਸੀ ਗਈ ਜਾਣਕਾਰੀ ਨੂੰ ਰਿਕਾਰਡ ਕਰਨ।

### ਚਾਣਚੱਕ ਖ਼ੂਨ ਜਾਂ ਸਰੀਰਕ ਦ੍ਰਵ ਦੇ ਸੰਪਰਕ ਵਿੱਚ ਆਉਣਾ

- PSS ਨੂੰ ਸਾਰੇ ਚਾਣਚੱਕ ਵਾਪਰੇ ਖ਼ੂਨ ਜਾਂ ਸਰੀਰਕ ਦ੍ਰਵ ਨਾਲ ਸੰਪਰਕਾਂ ਨੂੰ ਰਿਕਾਰਡ ਕਰਨ ਦੀ ਲੋੜ ਹੁੰਦੀ ਹੈ। ਰਿਕਾਰਡਾਂ ਵਿੱਚ ਲਾਜ਼ਮੀ ਤੌਰ 'ਤੇ ਚਾਣਚੱਕ ਖ਼ੂਨ ਦੇ ਸੰਪਰਕ ਵਿੱਚ ਆਉਣ ਦੇ ਲੌਗ (Accidental Blood Exposure Log) ਵਿੱਚ ਦੱਸੀ ਗਈ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ।

### ਰਿਕਾਰਡ ਸਾਂਭਕੇ ਰੱਖਣਾ

- ਰਿਕਾਰਡਾਂ ਨੂੰ ਲਾਜ਼ਮੀ ਤੌਰ 'ਤੇ ਇੱਕ ਸਾਲ ਲਈ ਸਾਈਟ 'ਤੇ ਰੱਖਿਆ ਜਾਣਾ ਚਾਹੀਦਾ ਹੈ। ਪਹਿਲੇ ਸਾਲ ਤੋਂ ਬਾਅਦ, ਰਿਕਾਰਡਾਂ ਨੂੰ ਲਾਜ਼ਮੀ ਤੌਰ 'ਤੇ ਸਾਂਭਕੇ ਰੱਖਣਾ ਚਾਹੀਦਾ ਹੈ ਅਤੇ ਘੱਟੋ-ਘੱਟ ਦੋ ਸਾਲਾਂ ਲਈ ਸੁਰੱਖਿਅਤ ਥਾਂ 'ਤੇ ਆਸਾਨੀ ਨਾਲ ਉਪਲਬਧ ਹੋਣਾ ਚਾਹੀਦਾ ਹੈ।

## ਕੋਈ ਸਵਾਲ?

ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੇ ਇਲਾਕੇ ਦੇ ਪਬਲਿਕ ਹੈਲਥ ਇੰਸਪੈਕਟਰ ਨਾਲ 1-800-922-0096 'ਤੇ ਸੰਪਰਕ ਕਰੋ।